Ontario Energy Board
Commission de l'énergie de l'Ontario

TAKE CHARGE

# ਆਪਣੇ ਕੁਦਰਤੀ ਗੈਸ ਬਿਲ ਨੂੰ ਸਮਝਣਾ

**ਗਾਹਕ ਫੀਸ**

ਇਹ ਤੁਹਾਡੇ ਕੁਦਰਤੀ ਗੈਸ ਖਾਤੇ ਨੂੰ ਚਲਾਉਣ ਲਈ ਸੇਵਾਵਾਂ ਦੀ ਇੱਕ ਨਿਸ਼ਚਿਤ ਫੀਸ ਹੈ, ਜਿਸ ਵਿੱਚ ਸ਼ਾਮਲ ਹਨ ਮੀਟਰ ਰੀਡਿੰਗ, ਗਾਹਕ ਸੇਵਾਵਾਂ ਅਤੇ ਆਪਾਤਕਾਲੀਨ ਪ੍ਰਤੀਕਿਰਿਆ ਸੇਵਾਵਾਂ।

ਭਾਵੇਂ ਤੁਸੀਂ ਇੱਕ ਬਿਲਿੰਗ ਮਿਆਦ ਦੇ ਦੌਰਾਨ ਕੁਦਰਤੀ ਗੈਸ ਦੀ ਬਿਲਕੁਲ ਵੀ ਖਪਤ ਨਾ ਕਰੋ ਫਿਰ ਵੀ ਤੁਹਾਨੂੰ ਇਹ ਫੀਸ ਦੇਣੀ ਪਏਗੀ।

**ਡਿਲੀਵਰੀ**

ਇਸ ਵਿੱਚ ਕੁਦਰਤੀ ਗੈਸ ਨੂੰ ਲਿਜਾਣ, ਭੰਡਾਰਨ ਕਰਨ ਅਤੇ ਵਿਤਰਨ ਕਰਨ ਦੀਆਂ ਲਾਗਤਾਂ ਸ਼ਾਮਲ ਹੁੰਦੀਆਂ ਹਨ:

* **ਲਿਜਾਣਾ**: ਪੱਛਮੀ ਕੈਨੇਡਾ ਅਤੇ ਅਮਰੀਕਾ ਤੋਂ ਓਂਟਾਰਿਓ ਤੱਕ ਕੁਦਰਤੀ ਗੈਸ ਨੂੰ ਲਿਜਾਣ ਦੀ ਕੀਮਤ।
* **ਭੰਡਾਰਨ**: ਕੁਦਰਤੀ ਗੈਸ ਨੂੰ ਭੰਡਾਰਨ ਕਰਨ ਦੀ ਲਾਗਤ।
* **ਡਿਲੀਵਰੀ**: ਕੁਦਰਤੀ ਗੈਸ ਨੂੰ ਓਂਟਾਰਿਓ ਵਿੱਚ ਯੂਟੀਲਿਟੀ ਵਿਤਰਨ ਪ੍ਰਣਾਲੀ ਤੋਂ ਗਾਹਕਾਂ ਤੱਕ ਪਹੁੰਚਾਉਣ ਦੀ ਕੀਮਤ। ਲਿਜਾਣ, ਭੰਡਾਰਨ ਅਤੇ ਡਿਲੀਵਰੀ ਲਾਗਤਾਂ ਤੁਹਾਡੇ ਵੱਲੋਂ ਵਰਤੀ ਜਾਣ ਵਾਲੀ ਕੁਦਰਤੀ ਗੈਸ ਦੀ ਮਾਤਰਾ ਦੇ ਅਧਾਰ ਤੇ ਹੁੰਦੀਆਂ ਹਨ ਅਤੇ ਤੁਹਾਡੇ ਬਿਲ ਵਿੱਚ ਵੱਖ ਰੂਪ ਨਾਲ ਦਿੱਤੀਆਂ ਗਈਆਂ ਹੋ ਸਕਦੀਆਂ ਹਨ।

**ਗੈਸ ਸਪਲਾਈ ਫੀਸ**

ਇਹ ਕੁਦਰਤੀ ਗੈਸ ਦੀ ਆਪਣੀ ਲਾਗਤ ਹੁੰਦੀ ਹੈ, ਜੋ ਤੁਹਾਡੇ ਵੱਲੋਂ ਵਰਤੀ ਜਾਣ ਵਾਲੀ ਮਾਤਰਾ ਦੇ ਅਧਾਰ ਤੇ ਵਸੂਲ ਕੀਤੀ ਜਾਂਦੀ ਹੈ। ਓਂਟਾਰਿਓ ਵਿੱਚ, ਕੁਦਰਤੀ ਗੈਸ ਵਸਤ ਲਾਗਤਾਂ ਯੂਟੀਲਿਟੀ ਵੱਲੋਂ ਬਿਨਾਂ ਲਾਗਤ ਵਧਾਏ ਖਪਤਕਾਰਾਂ ਨੂੰ ਭੇਜੀਆਂ ਜਾਂਦੀਆਂ ਹਨ।

**ਗੈਸ ਫੀਸ ਸਮਾਯੋਜਨ**

ਗੈਸ ਲਾਗਤ ਸਮਾਯੋਜਨ ਤੁਹਾਡੇ ਬਿਲ ਵਿੱਚ ਵੱਖ ਰੂਪ ਨਾਲ ਦਿੱਤਾ ਹੋ ਸਕਦਾ ਹੈ। ਸਮਾਯੋਜਨ, ਕੁਦਰਤੀ ਗੈਸ ਦੀ ਅਸਲ ਅਤੇ ਪਹਿਲਾਂ ਦੱਸੀ ਕੀਮਤ ਦਾ ਅੰਤਰ ਹੈ।




ਤੁਹਾਡੇ ਬਿਲ ਤੇ ਵੱਖ ਲਾਈਨਾਂ ਤੁਹਾਡੀ ਕੁਦਰਤੀ ਗੈਸ ਯੂਟੀਲਿਟੀ ਦੇ ਅਧਾਰ ਤੇ ਵੱਖ ਰੂਪ ਨਾਲ ਵਿਸ਼ਲੇਸ਼ਣ ਕੀਤੀਆਂ ਹੋ ਸਕਦੀਆਂ ਹਨ।

ਇਹਨਾਂ ਬਿਲ ਆਈਟਮਾਂ ਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ, ਵੈਬਸਾਈਟ [www.ontarioenergyboard.ca/OEB/Consumers](http://www.ontarioenergyboard.ca/OEB/Consumers) ਤੇ ਜਾਓ

## OEB ਦਾ ਆਨਲਾਈਨ ਬਿਲ ਕੈਲਕੁਲੇਟਰ ਦੇਖੋ

OEB ਦਾ ਆਨਲਾਈਨ ਬਿਲ ਕੈਲਕੁਲੇਟਰ ਤੁਹਾਡੇ ਕੁਦਰਤੀ ਗੈਸ ਬਿਲ ਦੇ ਬਾਰੇ ਬਿਹਤਰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਤੁਸੀਂ ਕਿਸੇ ਗੈਸ ਵਿਕਰੇਤਾ (GAS MARKETER) ਨਾਲ ਇੱਕ ਇਕਰਾਰਨਾਮੇ ਦੇ ਅਧਾਰ ਤੇ ਇਹ ਵੀ ਦੇਖ ਸਕਦੇ ਹੋ ਕਿ ਤੁਹਾਡਾ ਬਿਲ ਕਿਹੋ ਜਿਹਾ ਦਿਖਾਈ ਦੇ ਸਕਦਾ ਹੈ।

[www.ontarioenergyboard.ca/OEB/Consumers](http://www.ontarioenergyboard.ca/OEB/Consumers)

- ਇੱਕ ਅਨੁਮਾਨਤ ਮਾਸਿਕ ਕੁਦਰਤੀ ਗੈਸ ਬਿਲ ਕੈਲਕੁਲੇਟ ਕਰਨਾ।

- OEB ਕੋਲ ਦਾਖ਼ਲ ਕੀਤੀਆਂ ਨਵਾਂ ਰੇਟ ਅਰਜ਼ੀਆਂ ਅਤੇ OEB ਦੇ ਨਿਰਣੈ ਨਾਲ ਸੰਬੰਧਿਤ ਆਪਣੀ ਯੂਟੀਲਿਟੀ ਤੇ ਵਧੇਰੇ ਜਾਣਕਾਰੀ ਪ੍ਰਾਪਤ ਕਰੋ।
- ਜੇਕਰ ਤੁਸੀਂ ਸਿੱਧੇ ਯੂਟੀਲਿਟੀ ਤੱਕ ਪਹੁੰਚਣਾ ਚਾਹੁੰਦੇ ਹੋ ਤਾਂ ਸੰਪਰਕ ਜਾਣਕਾਰੀ ਪ੍ਰਾਪਤ ਕਰੋ।

ਨੋਟ: ਸਾਡੇ ਬਿਲ ਕੈਲਕੁਲੇਟਰ ਵੱਲੋਂ ਦਿੱਤੀਆਂ ਗਈਆਂ ਸੰਖਿਆਵਾਂ ਕੇਵਲ ਜਾਣਕਾਰੀ ਲਈ ਇੱਕ ਅਨੁਮਾਨ ਹੁੰਦੀਆਂ ਹਨ। ਦੂਜੇ ਕਾਰਕ ਹਨ ਜੋ ਤੁਹਾਡੇ ਪੂਰੇ ਬਿਲ ਤੇ ਅਸਰ ਪਾਉਂਦੇ ਹਨ ਜੋ ਇਸ ਅਨੁਮਾਨ ਅਤੇ ਤੁਹਾਡੇ ਵੱਲੋਂ ਆਪਣੀ ਯੂਟੀਲਿਟੀ ਤੋਂ ਪ੍ਰਾਪਤ ਕੀਤੇ ਜਾਣ ਵਾਲੇ ਨਿਯਮਿਤ ਬਿਲ ਵਿਚਕਾਰ ਅੰਤਰ ਲਈ ਜ਼ਿੰਮੇਵਾਰ ਹੋ ਸਕਦੇ ਹਨ। ਅਸਲ ਵਰਤੋਂ ਅਤੇ ਜੋੜ ਲਈ ਹਮੇਸ਼ਾ ਆਪਣਾ ਯੂਟੀਲਿਟੀ ਬਿਲ ਦੇਖੋ।

ਇਹ ਕੁਦਰਤੀ ਗੈਸ ਬਿਲ ਦਾ ਨਮੂਨਾ ਹੈ...

ਕਿਸੇ ਗੈਸ ਵਿਕਰੇਤਾ ਨਾਲ ਇੱਕ ਇਕਰਾਰਨਾਮੇ ਦੇ ਅਧਾਰ ਤੇ ਤੁਹਾਡਾ ਬਿਲ ਇਹੋ ਜਿਹਾ ਦਿਖ ਸਕਦਾ ਹੈ...

| MONTHLY BILL STATEMENT UTILITY | |
|---|---|
| Account Number: 000 000 000 000 0000 0 | |
| Meter Number: 0000000 | |
| **Your Natural Gas Charges** | |
| Customer Charge | x.xx |
| Delivery | x.xx |
| Gas Supply Charge<br>The Board approves the price utilities charge for natural gas. | x.xx |
| Gas Cost Adjustment | x.xx |
| Your Total Natural Gas Charges | x.xx |
| H.S.T. | x.xx |
| Total Amount | $X.XX |

| MONTHLY BILL STATEMENT RETAIL CONTRACT | |
|---|---|
| Account Number: 000 000 000 000 0000 0 | |
| Meter Number: 0000000 | |
| **Your Natural Gas Charges** | |
| Customer Charge | x.xx |
| Delivery | x.xx |
| Gas Supply Charge<br>Supplied by: your selected retail company | x.xx |
| Gas Cost Adjustment | x.xx |
| Your Total Natural Gas Charges | x.xx |
| H.S.T. | x.xx |
| Total Amount | $X.XX |

* ਪਰਚੂਨ ਇਕਰਾਰਨਾਮੇ ਦੀ ਕੀਮਤ ਦਰਜ ਕਰੋ ਅਤੇ ਸਾਡਾ ਕੈਲਕੁਲੇਟਰ ਇੱਕ ਮਾਸਿਕ ਬਿਲ ਸਟੇਟਮੈਂਟ ਦੇ ਨਾਲ-ਨਾਲ ਮਿਲਾਨ ਦੇਵੇਗਾ।

**ਜੇਕਰ ਤੁਹਾਡਾ ਇਕਰਾਰਨਾਮਾ ਕਿਸੇ ਕੁਦਰਤੀ ਗੈਸ ਵਿਕਰੇਤਾ ਨਾਲ ਹੈ**

ਤੁਹਾਡਾ ਇਕਰਾਰਨਾਮਾ ਇਹ ਦੱਸੇਗਾ ਕਿ ਤੁਹਾਡੇ ਇਕਰਾਰਨਾਮੇ ਵਿੱਚ ਲਿਜਾਣ ਦੀਆਂ ਅਤੇ ਭੰਡਾਰਨ ਦੀਆਂ ਲਾਗਤਾਂ ਸ਼ਾਮਲ ਹਨ ਜਾਂ ਨਹੀਂ।

## ਓਂਟਾਰਿਓ ਐਨਰਜੀ ਬੋਰਡ ਜਾਣਕਾਰ ਖਪਤਕਾਰ ਬਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ

ਵਿਸ਼ਿਆਂ ਦੀ ਸ਼੍ਰੇਣੀ ਤੇ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ:
www.ontarioenergyboard.ca/OEB/Consumers

ਸਾਡੇ ਖਪਤਕਾਰ ਸੇਵਾ ਕੇਂਦਰ (CONSUMER RELATIONS CENTRE) ਨੂੰ ਸੰਪਰਕ ਕਰੋ।
(ਇਹ ਸੋਮਵਾਰ ਤੋਂ ਸ਼ੁੱਕਰਵਾਰ ਤੱਕ, ਸਵੇਰ 8:30 ਤੋਂ ਸ਼ਾਮ 5 ਵਜੇ ਤੱਕ ਖੁਲ੍ਹਾ ਰਹਿੰਦਾ ਹੈ)
1-877-632-2727 (ਓਂਟਾਰਿਓ ਦੇ ਅੰਦਰ ਮੁਫਤ)
416-314-2455 (ਗ੍ਰੇਟਰ ਟੋਰੋਂਟੋ ਏਰੀਆ ਦੇ ਅੰਦਰ ਜਾਂ ਕੈਨੇਡਾ ਦੇ ਬਾਹਰ ਤੋਂ)
consumerrelations@ontarioenergyboard.ca

ਸਾਨੂੰ ਫਾਲੋ ਕਰੋ: @OntEnergyBoard

ਓਂਟਾਰਿਓ ਐਨਰਜੀ ਬੋਰਡ ਇੱਕ ਸੁਤੰਤਰ ਅਤੇ ਨਿਰਪੱਖ ਜਨਤਕ ਏਜੰਸੀ ਹੈ। ਅਸੀਂ ਅਜਿਹੇ ਨਿਰਣੈ ਲੈਂਦੇ ਹਾਂ ਜੋ ਜਨਹਿਤ ਲਈ ਲਾਭਕਾਰੀ ਹੁੰਦੇ ਹਨ। ਸਾਡਾ ਟੀਚਾ ਇੱਕ ਅਜਿਹੇ ਵਿੱਤੀ ਤੌਰ ਉੱਤੇ ਵਿਹਾਰਕ ਅਤੇ ਸਮਰੱਥ ਬਿਜਲੀ ਸੈਕਟਰ ਨੂੰ ਉੱਨਤ ਕਰਨਾ ਹੈ ਜੋ ਤੁਹਾਨੂੰ ਇੱਕ ਉਚਿਤ ਕੀਮਤ ਤੇ ਵਿਸ਼ਵਾਸ਼ਯੋਗ ਬਿਜਲੀ ਸੇਵਾਵਾਂ ਪ੍ਰਦਾਨ ਕਰੇ।

*Aussi disponible en français. ਇਹ ਸਮੱਗਰੀ ਦੂਜੀਆਂ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ। ਸਾਡੀ ਵੈਬਸਾਈਟ ਤੇ ਜਾਓ ਜਾਂ ਸਾਡੇ ਖਪਤਕਾਰ ਸੇਵਾ ਕੇਂਦਰ ਨੂੰ ਸੰਪਰਕ ਕਰੋ।*